# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ , ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ
ਫੋਨ ਨੰ. 0172-2212221

2332
29/10/2018

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)

ਸਮੂਹ ਪ੍ਰਿੰਸੀਪਲ ਡਾਇਟ

ਸਮੂਹ ਸਕੂਲ ਮੁਖੀ(ਵੈੱਬ ਸਾਇਟ ਰਾਹੀਂ)

ਸਮੂਹ ਪੰਜਾਬੀ ਪੜ੍ਹਾਉਦੇ ਅਧਿਆਪਕ(ਵੈੱਬ ਸਾਇਟ ਰਾਹੀਂ)

ਮੀਮੋ ਨੰ: SCERT, QPL/2018 55774
ਮਿਤੀ: 29-10-2018

**ਵਿਸ਼ਾ: ਸਕੂਲ ਪੱਧਰ ਤੇ ਸੁੰਦਰ ਲਿਖਾਈ ਦਾ ਮੁਕਾਬਲਾ ਕਰਵਾਉਣ ਸੰਬੰਧੀ।**

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਂਦੀ ਹੈ ਜਿਵੇਂ ਆਪ ਜੀ ਨੂੰ ਪਤਾ ਹੀ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿੱਚ "ਪੜ੍ਹੋ ਪੰਜਾਬ, ਪੜਾਓ ਪੰਜਾਬ" ਪ੍ਰੋਗਰਾਮ ਤਹਿਤ ਪੰਜਾਬੀ ਦਾ ਗੁਣਾਤਮਕ ਸੁਧਾਰ ਪ੍ਰੋਗਰਾਮ ਚੱਲ ਰਿਹਾ ਹੈ ।ਜਿਸ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ,ਬੋਲਣ ,ਲਿਖਣ ,ਪੜ੍ਹਨ ਅਤੇ ਸਮਝਣ ਲਈ ਪਰਪੱਕ ਕਰਨਾ ਹੈ ।ਇਸ ਪ੍ਰੋਗਰਾਮ ਤਹਿਤ ਰਾਜ ਦੇ ਸਾਰੇ ਸਾਰੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਛੇਵੀਂ ਤੋਂ ਦੱਸਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਦੇ ਸਕੂਲ ਪੱਧਰ ਦੇ ਸੁੰਦਰ ਲਿਖਾਈ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ ।ਜਿਸ ਲਈ ਮਿਤੀ 31-10-2018 ਨੂੰ ਦੋ ਆਖਰੀ ਪੀਰੀਅਡਾਂ ਜਾਂ ਬਾਲ ਸਭਾ ਵਾਲੇ ਦਿਨ ਦਾ ਸਮਾਂ ਰੱਖਿਆ ਗਿਆ ਹੈ ।

ਸੁੰਦਰ ਲਿਖਾਈ ਦੇ ਮੁਕਾਬਲੇ ਕਰਵਾਉਣ ਦਾ ਮੁੱਖ ਮੰਤਵ ਵਿਦਿਆਰਥੀਆਂ ਵਿੱਚ ਸੁੰਦਰ ਹੱਥ ਲਿਖਤ ਰੁਚੀ ਤੇ ਪਰਪੱਕਤਾ ਹਾਸਿਲ ਕਰਨਾ ਹੈ ।ਜਿਸ ਦੇ ਨਤੀਜੇ ਵਜੋਂ ਵਿਦਿਆਰਥੀਆਂ ਵਿੱਚ ਹੇਠ ਲਿਖੇ ਗੁਣ ਪੈਦਾ ਹੋਣਗੇ :

1) ਭਾਸ਼ਾ ਦੀ ਸੰਰਚਨਾਤਮਕ ਬਣਤਰ ਵਿੱਚ ਪਰਪੱਕਤਾ
2) ਵਿਸ਼ਾ- ਵਸਤੂ ਦੀ ਪੇਸ਼ਕਾਰੀ ਵਿੱਚ ਮੁਹਾਰਤ
3) ਵਿਦਿਆਰਥੀਆਂ ਵਿੱਚ ਸਵੈਮਾਣ ਦੀ ਭਾਵਨਾ ਦੀ ਉਤਪਤੀ
4) ਭਾਸ਼ਾਗਤ ਕਾਰਜਾਂ ਅਤੇ ਗਿਆਨਾਤਮਕ ਪ੍ਰਕਾਰਜਾਂ ਵਿੱਚ ਸਥਾਈਪੁਣਾ
5) ਇਹ ਮੁਕਾਬਲਾ ਵਿਦਿਆਰਥੀਆਂ ਦੀ ਸਿੱਖਣਤਾ ਅਤੇ ਗ੍ਰਹਿਣਤਾ ਵਿੱਚ ਸਹਾਈ ਹੁੰਦਾ ਹੈ ਕਿਉਂਕਿ ਭਾਸ਼ਾ ਲਿਖਣ (ਸੁੰਦਰ ਲਿਖਾਈ) ਕਾਰਜ ਵਿਦਿਆਰਥੀਆਂ ਦੇ ਅਵਚੇਤਨ ਪੱਧਰ ਦੀ ਪ੍ਰਕਿਰਿਆ ਹੈ ਜਿਸ ਤੋਂ ਵਿਦਿਆਰਥੀਆਂ ਦੇ ਸਹਿਜ ਮਨ ਨੂੰ ਸਮਝਣ ਵਿੱਚ ਅਧਿਆਪਕ ਨੂੰ ਸਹਾਇਤਾ ਮਿਲਦੀ ਹੈ ।

**ਮੁਕਾਬਲਾ ਕਰਵਾਉਣ ਲਈ ਜ਼ਰੂਰੀ ਹਦਾਇਤਾਂ:**

1) ਪੈਰ੍ਹੇ ਦੀ ਚੋਣ ਅਧਿਆਪਕ ਵੱਲੋਂ ਕਰਵਾਈ ਜਾਵੇ ਜਿਸ ਵਿੱਚ ਘੱਟੋ ਘੱਟ 200 ਸ਼ਬਦ ਹੋਣ ।

2) ਪੈਰ੍ਹੇ ਦੀ ਚੋਣ ਵਿਦਿਆਰਥੀਆਂ ਨਾਲ ਸੰਬੰਧਿਤ ਜਮਾਤਾਂ ਦੀਆਂ ਪਾਠ ਪੁਸਤਕਾਂ ਵਿੱਚੋਂ ਕੀਤੀ ਜਾਵੇ ।

3) ਪੈਰ੍ਹਾ ਲਿਖਣ ਲਈ 30 ਤੋਂ 40 ਮਿੰਟ ਦਾ ਸਮਾਂ ਦਿੱਤਾ ਜਾਵੇ ।

4) ਸੁੰਦਰ ਲਿਖਾਈ ਦੇ ਮੁਕਾਬਲੇ ਲਈ ਬਾਲ ਪੈੱਨ ਦੀ ਵਰਤੋਂ ਨਾ ਕੀਤੀ ਜਾਵੇ, ਬਿਹਤਰ ਹੋਵੇਗਾ ਕਿ 'ਜੇਕਰ ਵਿਦਿਆਰਥੀ ਪੈਨਸਿਲ/ਕਲਮ/ਫਾਊਨਟੈਂਨ ਪੈੱਨ ਦੀ ਵਰਤੋਂ ਕਰਨ ।

5) ਵਿਦਿਆਰਥੀ ਦਾ ਸੁੰਦਰ ਲਿਖਾਈ ਮੁਕਾਬਲੇ ਦਾ ਮੁਲਾਂਕਣ ਪੰਜਾਬੀ ਅਧਿਆਪਕ ਦੀ ਦੇਖ-ਰੇਖ ਵਿੱਚ ਆਰਟ ਤੇ ਕਰਾਫਟ ਅਤੇ ਦੂਜੀਆਂ ਭਾਸ਼ਾਵਾਂ ਦੇ ਅਧਿਆਪਕਾਂ ਦੀ ਮਦਦ ਨਾਲ ਕੀਤਾ ਜਾਵੇ।

6) ਹਰੇਕ ਜਮਾਤ ਵਿੱਚ ਪਹਿਲੀ ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ਸਕੂਲ ਮੁਖੀ ਦੁਆਰਾ ਪ੍ਰੋਸਾਹਿਤ ਕੀਤਾ ਜਾਵੇ ਅਤੇ ਜੇਤੂ ਵਿਦਿਆਰਥੀਆਂ ਦੀ ਸੁੰਦਰ ਲਿਖਾਈ ਦਾ ਨਮੂਨਾ ਸੂਚਨਾ ਬੋਰਡ ਤੇ ਪ੍ਰਦਰਸ਼ਿਤ ਕੀਤਾ ਜਾਵੇ ਤੇ ਜੇਤੂ ਵਿਦਿਆਰਥੀਆਂ ਦੇ ਨਾਮ ਸੰਬੰਧਿਤ ਬੀ.ਐੱਮ(ਗਣਿਤ) ਨੂੰ ਨੋਟ ਕਰਵਾਏ ਜਾਣ ।

ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਇਹ ਯਕੀਨੀ ਬਣਾਉਣ ਕਿ ਸਾਰੇ ਸਕੂਲਾਂ ਵਿੱਚ ਛੇਵੀਂ ਤੋਂ ਦੱਸਵੀਂ ਜਮਾਤ ਦੇ ਸਾਰੇ ਵਿਦਿਆਰਥੀ ਇਸ ਮੁਕਾਬਲੇ ਵਿੱਚ ਭਾਗ ਲੈਣ ਅਤੇ ਇਸ ਮੁਕਾਬਲੇ ਦੇ ਆਧਾਰ ਤੇ ਵਿਦਿਆਰਥੀਆ ਦੇ SA-2 ਦੇ ਮੁਲਾਂਕਣ ਵੇਲੇ ਅੰਕ ਦਿੱਤੇ ਜਾ ਸਕਦੇ ਹਨ।

ਸਕੂਲ ਪੱਧਰ ਤੇ ਜਮਾਤ ਵਾਈਜ ਪਹਿਲੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਮੁੱਖੀ ਵੱਲੋਂ ਉਤਸ਼ਾਹਿਤ ਕੀਤਾ ਜਾਵੇ ਅਤੇ ਜੇਤੂ ਵਿਦਿਆਰਥੀਆਂ ਦੇ ਨਾਮ, ਬਲਾਕ ਪੱਧਰ ਤੇ ਹੋਣ ਵਾਲੇ ਮੁਕਾਬਲੇ ਸਬੰਧਤ ਬੀ.ਐਮ.(ਗਣਿਤ) ਨੂੰ ਦਿੱਤੇ ਜਾਣ।

ਉਮੀਦ ਨਾਲ।

ਡਾਇਰੈਕਟਰ ਐਸ.ਸੀ.ਈ.ਆਰ.ਟੀ,
ਪੰਜਾਬ

ਜਿ. ਸ. ਸੁ: ਬ/ਐਸ.ਐਸ/2018/536 ਮਿਤੀ 30/10/2018

ਡਾਇਰੈਕਟਰ ਐਸ. ਸੀ. ਈ. ਆਰ. ਟੀ. ਪੰਜਾਬ ਦੇ ਉਪਰੋਕਤ ਹੁਕਮਾਂ ਅਨੁਸਾਰ ਸਮੂਹ ਸਕੂਲ ਮੁੱਖੀਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ ਕਿ ਉਪਰੋਕਤ ਮੁਕਾਬਲੇ ਹਦਾਇਤਾਂ ਅਨੁਸਾਰ ਕਰਵਾ ਕੇ, ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਨਾਂ ਬੀ. ਐਮ.(ਗਣਿਤ) ਕੋਲ ਬਲਾਕ ਪੱਧਰੀ ਮੁਕਾਬਲਿਆਂ ਲਈ ਦਰਜ ਕਰਵਾ ਦਿੱਤੇ ਜਾਣ।

ਜਿਲਾ ਸਾਇੰਸ ਸੁਪਰਵਾਈਜਰ 30/10/18
ਬਠਿੰਡਾ।